EMPLOYMENT DEVELOPMENT DEPARTMENT
PO BOX 2530
RANCHO CORDOVA, CA 95741-2530

Employment Development Department
State of California

# ਪਛਾਣ ਦੀ ਪੜਚੋਲ ਲਈ ਬੇਨਤੀ

ਡਾਕ ਦੀ ਮਿਤੀ:
SSA ਸੰ:

ਦਾਅਵੇਦਾਰ ਦਾ ਨਾਂ ਅਤੇ ਪਤਾ

ਦਾਅਵੇਦਾਰ ਦਾ ਨਾਂ
ਦਾਅਵੇਦਾਰ ਦਾ ਡਾਕ ਪਤਾ
ਦਾਅਵੇਦਾਰ ਦਾ ਸ਼ਹਿਰ, ਰਾਜ, ਜ਼ਿਪ

**EDD ਟੋਲ ਫ੍ਰੀ ਟੈਲੀਫ਼ੋਨ ਨੰਬਰ:**
1-866-401-2849

ਤੁਹਾਨੂੰ ਇਹ ਸੂਚਨਾ ਪ੍ਰਾਪਤ ਹੋ ਰਹੀ ਹੈ ਕਿਉਂਕਿ Employment Development Department (ਰੁਜ਼ਗਾਰ ਵਿਕਾਸ ਵਿਭਾਗ) (EDD) ਤੁਹਾਡੀ ਪਛਾਣ ਦੀ ਤਸਦੀਕ ਕਰਨ 'ਚ ਅਸਮਰੱਥ ਹੈ। ਤੁਹਾਡੇ ਵੱਲੋਂ ਆਪਣਾ ਬੇਰੁਜ਼ਗਾਰੀ ਬੀਮਾ ਦਾਅਵਾ ਦਾਇਰ ਕਰਨ ਵੇਲੇ ਮੁਹੱਈਆ ਕੀਤੀ ਗਈ ਜਾਣਕਾਰੀ ਵਿਭਾਗ 'ਚ ਮੌਜੂਦ ਜਾਣਕਾਰੀ ਨਾਲ ਮੇਲ ਨਹੀਂ ਖਾਂਦੀ ਜਾਂ ਵਿਭਾਗ ਨੂੰ ਅਜਿਹੀ ਜਾਣਕਾਰੀ ਪ੍ਰਾਪਤ ਹੋਈ ਸੀ ਜੋ ਇਹ ਦਰਸਾਉਂਦੀ ਸੀ ਕਿ ਸ਼ਾਇਦ ਤੁਹਾਡੀ ਪਛਾਣ ਜ਼ਾਹਰ ਕੀਤੀ ਗਈ ਸੀ। ਜਦੋਂ ਗੱਲ ਸਹੀ ਪਛਾਣ ਦੀ ਹੁੰਦੀ ਹੈ, ਤਾਂ ਇਹ ਤਸਦੀਕ ਕਰਨ ਲਈ ਵਿਭਾਗ ਨੂੰ ਪਛਾਣ-ਸਬੰਧੀ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ ਕਿ ਸਿਰਫ਼ ਉਨ੍ਹਾਂ ਲੋਕਾਂ ਨੂੰ ਬੇਰੁਜ਼ਗਾਰੀ ਫ਼ਾਇਦਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ ਜੋ ਕਨੂੰਨੀ ਤੌਰ 'ਤੇ ਉਹ ਪ੍ਰਾਪਤ ਕਰਨ ਲਈ ਯੋਗ ਹਨ।

**ਇਸ ਸੂਚਨਾ ਦੇ ਨਾਲ ਉਨ੍ਹਾਂ ਦਸਤਾਵੇਜ਼ਾਂ ਦੀ ਸੂਚੀ ਨੱਥੀ ਕੀਤੀ ਗਈ ਹੈ ਜੋ ਤੁਹਾਨੂੰ ਆਪਣੀ ਪਛਾਣ ਦੀ ਤਸਦੀਕ ਕਰਨ ਲਈ ਮੁਹੱਈਆ ਕਰਨੇ ਪੈਣਗੇ।**

ਬੇਰੁਜ਼ਗਾਰੀ ਬੀਮਾ ਫ਼ਾਇਦਿਆਂ ਲਈ ਤੁਹਾਡੀ ਯੋਗਤਾ ਇਨ੍ਹਾਂ ਦਸਤਾਵੇਜ਼ਾਂ ਦੀ ਪ੍ਰਾਪਤੀ ਕਰਕੇ ਲੰਬਿਤ ਹੈ। ਦਸਤਾਵੇਜ਼ਾਂ ਅਤੇ ਤੁਹਾਡੇ ਦੁਆਰਾ ਮੁਹੱਈਆ ਕੀਤੀ ਗਈ ਕਿਸੇ ਵੀ ਜਾਣਕਾਰੀ ਦੀ ਤਸਦੀਕ ਕਰਨ ਲਈ ਵਿਭਾਗ ਮਾਲਕ (ਮਾਲਕਾਂ) ਅਤੇ ਸਰਕਾਰੀ ਹੋਂਦਾਂ ਨਾਲ ਸੰਪਰਕ ਕਰੇਗਾ। ਜੇਕਰ ਤੁਸੀਂ ਦਸਤਾਵੇਜ਼ ਮੁਹੱਈਆ ਨਹੀਂ ਕਰਦੇ ਜਾਂ ਦਸਤਾਵੇਜ਼/ਜਾਣਕਾਰੀ ਤੋਂ ਵਿਭਾਗ ਤੁਹਾਡੀ ਪਛਾਣ ਸਥਾਪਤ ਨਹੀਂ ਕਰ ਸਕਦਾ, ਤਾਂ ਤੁਸੀਂ ਫ਼ਾਇਦੇ ਪ੍ਰਾਪਤ ਕਰਨ ਲਈ ਯੋਗ ਨਹੀਂ ਹੋਵੋਗੇ।

ਫ਼ਾਇਦੇ ਪ੍ਰਾਪਤ ਕਰਨ ਲਈ ਤੁਹਾਨੂੰ Social Security Administration (ਸਮਾਜਕ ਸੁਰੱਖਿਆ ਪ੍ਰਸ਼ਾਸਨ) (SSA) ਦੁਆਰਾ ਮੁਹੱਈਆ ਕੀਤੀ ਗਈ ਆਪਣੀ 9-ਅੰਕਾਂ ਦੀ ਸਮਾਜਕ ਸੁਰੱਖਿਆ ਸੰਖਿਆ (SSN) ਮੁਹੱਈਆ ਕਰਨੀ ਪਵੇਗੀ। ਕਿਰਪਾ ਕਰਕੇ ਆਪਣੇ ਰਿਕਾਰਡ ਜਾਂਚੋ ਅਤੇ ਇਹ ਤਸਦੀਕ ਕਰੋ ਕਿ ਇਸ ਸੂਚਨਾ 'ਚ ਦਿੱਤਾ ਗਿਆ SSN ਉਹੀ ਹੈ ਜੋ ਤੁਹਾਨੂੰ SSA ਵੱਲੋਂ ਜਾਰੀ ਕੀਤਾ ਗਿਆ ਹੈ। ਜੇਕਰ ਵਿਭਾਗ 'ਚ ਉਪਲਬਧ ਜਾਣਕਾਰੀ ਇਹ ਦਰਸਾਉਂਦੀ ਹੈ ਕਿ SSA ਨੇ ਤੁਹਾਨੂੰ ਤੁਹਾਡੇ ਦੁਆਰਾ ਮੁਹੱਈਆ ਕੀਤੇ ਗਏ SSN ਦੀ ਤਸਦੀਕ ਨਹੀਂ ਕੀਤੀ ਹੈ, ਤਾਂ ਆਪਣੇ SSN ਦੀ ਤਸਦੀਕ ਹਾਸਲ ਕਰਨ ਲਈ ਤੁਹਾਨੂੰ SSA ਨੂੰ ਸੰਪਰਕ ਕਰਨ ਅਤੇ ਫੇਰ ਉੱਪਰ ਦਿੱਤੇ ਗਏ ਪਤੇ 'ਤੇ EDD ਨੂੰ ਇਕ ਕਾਪੀ ਭੇਜਣ ਦੀ ਲੋੜ ਹੋ ਸਕਦੀ ਹੈ। ਤੁਹਾਡੇ SSA ਦੇ ਦਫ਼ਤਰ ਦਾ ਅਸਥਾਨ **http://www.socialsecurity.gov/locator** 'ਤੇ SSA ਦੀ ਵੈਬਸਾਈਟ 'ਤੇ ਜਾਂ ਤੁਹਾਡੀ ਸਥਾਨਕ ਟੈਲੀਫ਼ੋਨ ਬੁੱਕ 'ਚ "Social Security Administration" (ਸਮਾਜਕ ਸੁਰੱਖਿਆ ਪ੍ਰਸ਼ਾਸਨ) ਹੇਠ ਸੰਘੀ ਸਰਕਾਰੀ ਸੂਚੀ 'ਚੋਂ ਲੱਭਿਆ ਜਾ ਸਕਦਾ ਹੈ।

**ਕਿਰਪਾ ਕਰਕੇ ਇਸ ਦਸਤਾਵੇਜ਼ 'ਤੇ ਦਸਤਖ਼ਤ ਕਰੋ ਅਤੇ ਇਸ ਦਸਤਾਵੇਜ਼ ਦੀ ਡਾਕ ਮਿਤੀ ਤੋਂ ਬਾਅਦ 10 ਕੈਲੰਡਰ ਦਿਨਾਂ ਦੇ ਅੰਦਰ ਪਛਾਣ ਦੀ ਤਸਦੀਕ-ਸਬੰਧੀ ਸਾਫ਼ ਅਤੇ ਪੜ੍ਹਨ ਯੋਗ ਦਸਤਾਵੇਜ਼ਾਂ ਦੇ ਨਾਲ ਨੀਲੇ ਲਿਫ਼ਾਫ਼ੇ 'ਚ ਇਹ ਦਸਤਾਵੇਜ਼ ਵਾਪਸ ਭੇਜ ਦਿਓ। ਤੁਹਾਡੇ ਦੁਆਰਾ ਜਮ੍ਹਾਂ ਕੀਤੇ ਜਾਣ ਵਾਲੇ ਹਰ ਦਸਤਾਵੇਜ਼ 'ਤੇ ਤੁਹਾਡੀ ਪੂਰੀ ਸਮਾਜਕ ਸੁਰੱਖਿਆ ਸੰਖਿਆ ਮੌਜੂਦ ਹੋਣੀ ਚਾਹੀਦੀ ਹੈ।**

**ਨੋਟ: ਨੀਲੇ ਲਿਫ਼ਾਫ਼ੇ 'ਚ ਵਿਭਾਗ ਦੇ ਕੋਈ ਹੋਰ ਫ਼ਾਰਮ ਸ਼ਾਮਲ ਨਾ ਕਰੋ ਕਿਉਂਕਿ ਉਸਦੇ ਨਤੀਜੇ ਵਜੋਂ ਦੇਰ ਹੋਵੇਗੀ।**

**ਦੂਜੇ ਪੰਨੇ 'ਤੇ ਪਛਾਣ-ਸਬੰਧੀ ਉਨ੍ਹਾਂ ਲੋੜੀਂਦੇ ਦਸਤਾਵੇਜ਼ਾਂ ਦੀ ਸੂਚੀ ਮੌਜੂਦ ਹੈ ਜੋ ਤੁਹਾਨੂੰ ਮੁਹੱਈਆ ਕਰਨੇ ਪੈਣਗੇ। ਇਸ ਬਾਰੇ ਵੀ ਹਿਦਾਇਤਾਂ ਮੌਜੂਦ ਹਨ ਕਿ ਜੇਕਰ ਤੁਹਾਨੂੰ ਦਸਤਾਵੇਜ਼ ਮੁਹੱਈਆ ਕਰਨ ਲਈ ਜ਼ਿਆਦਾ ਸਮੇਂ ਦੀ ਲੋੜ ਹੈ ਤਾਂ ਕੀ ਕਰਨਾ ਚਾਹੀਦਾ ਹੈ।**

ਮੈਂ ਸਮਝਦਾ/ਸਮਝਦੀ ਹਾਂ ਕਿ ਜੇਕਰ ਮੈਂ ਫ਼ਾਇਦੇ ਹਾਸਲ ਕਰਨ ਲਈ ਗਲਤ ਬਿਆਨ ਦਿੰਦਾ/ਦਿੰਦੀ ਹਾਂ ਜਾਂ ਤੱਥ ਲੁਕਾਉਂਦਾ/ਲੁਕਾਉਂਦੀ ਹਾਂ ਤਾਂ ਕਨੂੰਨ 'ਚ ਸਜ਼ਾ ਦਾ ਬੰਦੋਬਸਤ ਹੈ; ਝੂਠੀ ਗਵਾਹੀ ਲਈ ਸਜ਼ਾ ਹੇਠ ਮੈਂ ਐਲਾਨ ਕਰਦਾ/ਕਰਦੀ ਹਾਂ ਕਿ ਮੇਰੇ ਦੁਆਰਾ ਮੁਹੱਈਆ ਕੀਤੀ ਜਾ ਰਹੀ ਜਾਣਕਾਰੀ ਅਤੇ ਮੇਰੇ ਦੁਆਰਾ ਜਮ੍ਹਾਂ ਕੀਤੇ ਜਾ ਰਹੇ ਦਸਤਾਵੇਜ਼ ਸੱਚ ਅਤੇ ਸਹੀ ਹਨ ਅਤੇ ਮੇਰੇ ਨਾਲ ਸਬੰਧਤ ਹਨ।

ਆਪਣਾ ਨਾਂ ਪ੍ਰਿੰਟ ਕਰੋ ________ ਦਸਤਖ਼ਤ ________ ਮਿਤੀ ________
(ਤੁਹਾਡੇ ਦਸਤਖ਼ਤ ਜ਼ਰੂਰੀ ਹਨ)

SSN ਸੰ.:

**ਪਛਾਣ-ਸਬੰਧੀ ਲੋੜੀਂਦੇ ਦਸਤਾਵੇਜ਼**

SSN ਨਾਲ ਜੁੜੀਆਂ ਕੁਝ ਆਮ ਤਰੁਟੀਆਂ ਹਨ:

- ਵਰਤਿਆ ਜਾ ਰਿਹਾ SSN ਗਲਤ ਹੈ। ਸ਼ਾਇਦ ਤੁਸੀਂ ਸੰਖਿਆ ਭੁੱਲ ਗਏ ਸੀ ਜਾਂ ਆਪਣੇ ਮਾਲਕ ਨੂੰ ਸੰਖਿਆ ਦੱਸਦੇ ਹੋਏ ਉਹ ਮੁੰਤਕਲ ਕਰ ਦਿੱਤੀ ਸੀ।
- SSA 'ਚ ਮੌਜੂਦ ਨਾਂ ਤੁਹਾਡੇ ਦੁਆਰਾ ਆਪਣਾ ਦਾਅਵਾ ਦਾਇਰ ਕਰਦੇ ਸਮੇਂ ਵਰਤੇ ਗਏ ਨਾਂ ਤੋਂ ਵੱਖਰਾ ਹੈ। ਹੋ ਸਕਦਾ ਹੈ ਤੁਸੀਂ ਆਪਣਾ ਨਾਂ ਬਦਲਿਆ ਹੋਵੇ ਅਤੇ SSA ਨੂੰ ਸੂਚਤ ਨਾ ਕੀਤਾ ਹੋਵੇ।
- SSA 'ਚ ਮੌਜੂਦ ਜਨਮ ਦੀ ਮਿਤੀ ਤੁਹਾਡੇ ਦੁਆਰਾ ਆਪਣਾ ਦਾਅਵਾ ਦਾਇਰ ਕਰਦੇ ਸਮੇਂ ਦੱਸੀ ਗਈ ਜਨਮ ਦੀ ਮਿਤੀ ਤੋਂ ਵੱਖਰੀ ਹੈ।

**ਤੁਹਾਨੂੰ ਇਕ ਫ਼ੋਟੋ ਪਛਾਣ ਪੱਤਰ ਦੀ ਸਾਫ਼ ਅਤੇ ਪੜ੍ਹਨ ਯੋਗ ਕਾਪੀ ਮੁਹੱਈਆ ਕਰਨੀ ਪਵੇਗੀ।** (ਪ੍ਰਵਾਨਯੋਗ ਦਸਤਾਵੇਜ਼ਾਂ ਦੀ ਸੂਚੀ ਲਈ ਨੱਥੀ ਕੀਤੇ ਦਸਤਾਵੇਜ਼ ਵੇਖੋ।)

**ਅਤੇ**

**ਤੁਹਾਨੂੰ ਹੇਠਾਂ ਸੂਚੀਬੱਧ ਕੀਤੇ ਗਏ ਇਕ ਜਾਂ ਵੱਧ ਸਾਫ਼ ਅਤੇ ਪੜ੍ਹਨ ਯੋਗ ਦਸਤਾਵੇਜ਼ ਵੀ ਮੁਹੱਈਆ ਕਰਨੇ ਪੈਣਗੇ।** (ਪ੍ਰਵਾਨਯੋਗ ਦਸਤਾਵੇਜ਼ਾਂ ਦੀ ਸੂਚੀ ਲਈ ਨੱਥੀ ਕੀਤੇ ਦਸਤਾਵੇਜ਼ ਵੇਖੋ।)

1. ਰੁਜ਼ਗਾਰ-ਸਬੰਧੀ ਅੰਕੜੇ
2. ਪਤੇ ਦੀ ਤਸਦੀਕ
3. ਸਮਾਜਕ ਸੁਰੱਖਿਆ ਸੰਖਿਆ ਦੀ ਤਸਦੀਕ
   **(ਤੁਹਾਡੇ ਸਮਾਜਕ ਸੁਰੱਖਿਆ ਕਾਰਡ ਦੀ ਕਾਪੀ ਇਸ ਸ਼ਰਤ ਨੂੰ ਪੂਰਾ ਨਹੀਂ ਕਰੇਗੀ।)**
4. ਜਨਮ ਦੀ ਮਿਤੀ ਦੀ ਤਸਦੀਕ (ਜਨਮ ਦੇ ਸਰਟੀਫਿਕੇਟ ਦੀ ਅਧਿਕਰਿਤ ਕਾਪੀ)

**ਇਸ ਫ਼ਾਰਮ ਦੀ ਡਾਕ ਮਿਤੀ ਤੋਂ ਬਾਅਦ 10 ਕੈਲੰਡਰ ਦਿਨਾਂ ਦੇ ਅੰਦਰ ਪਛਾਣ ਦੀ ਤਸਦੀਕ ਲਈ ਇਸ ਬੇਨਤੀ ਦੀ ਪਾਲਣਾ ਕਰਨ 'ਚ ਨਾਕਾਮਯਾਬੀ ਦੇ ਨਤੀਜੇ ਵਜੋਂ ਫ਼ਾਇਦਿਆਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਜਮ੍ਹਾਂ ਕੀਤੇ ਜਾਣ ਵਾਲੇ ਸਭ ਦਸਤਾਵੇਜ਼ਾਂ 'ਤੇ ਆਪਣਾ ਪੂਰਾ SSN ਸ਼ਾਮਲ ਕਰੋ।**

ਤੁਹਾਨੂੰ ਦਸਤਾਵੇਜ਼ ਇਕੱਠੇ ਕਰਨ ਜਾਂ ਕਿਸੇ ਨੁਮਾਇੰਦੇ ਦੀ ਸਲਾਹ ਲੈਣ ਲਈ ਜ਼ਿਆਦਾ ਸਮੇਂ ਲਈ ਬੇਨਤੀ ਕਰਨ ਦਾ ਹੱਕ ਹੈ। ਜੇਕਰ ਤੁਹਾਨੂੰ ਜ਼ਿਆਦਾ ਸਮੇਂ ਦੀ ਲੋੜ ਹੈ, ਤਾਂ ਤੁਹਾਨੂੰ ਵਾਧੂ ਸਮੇਂ ਲਈ ਬੇਨਤੀ ਕਰਨ ਲਈ ਇਸ ਫ਼ਾਰਮ ਦੀ ਡਾਕ ਮਿਤੀ ਤੋਂ ਬਾਅਦ **10 ਕੈਲੰਡਰ ਦਿਨਾਂ ਦੇ ਅੰਦਰ** ਵਿਭਾਗ ਨਾਲ ਸੰਪਰਕ ਕਰਨਾ ਪਵੇਗਾ। ਤੁਸੀਂ ਪਹਿਲੇ ਪੰਨੇ 'ਤੇ ਦਿੱਤੇ EDD ਟੈਲੀਫ਼ੋਨ ਰਾਹੀਂ ਵਿਭਾਗ ਨਾਲ ਸੰਪਰਕ ਕਰ ਸਕਦੇ ਹੋ। ਜੇਕਰ 10 ਦਿਨ ਖ਼ਤਮ ਹੋਣ 'ਤੇ ਦਸਤਾਵੇਜ਼ ਨਹੀਂ ਮਿਲਦੇ ਜਾਂ ਵਾਧੂ ਸਮੇਂ ਲਈ ਬੇਨਤੀ ਨਹੀਂ ਕੀਤੀ ਜਾਂਦੀ, ਤਾਂ ਉਪਲਬਧ ਜਾਣਕਾਰੀ ਦੇ ਅਧਾਰ 'ਤੇ ਇਕ ਯੋਗਤਾ-ਸਬੰਧੀ ਫ਼ੈਸਲਾ ਲਿਆ ਜਾਵੇਗਾ।

ਕੈਲੀਫ਼ੋਰਨੀਆ ਬੇਰੁਜ਼ਗਾਰੀ ਬੀਮਾ ਕੋਡ (ਸੀ.ਯੂ.ਆਈ.ਸੀ.) ਦੀ ਧਾਰਾ 1253(ਏ) 'ਚ ਲਿੱਖਿਆ ਹੈ ਕਿ ਬੇਰੁਜ਼ਗਾਰੀ ਬੀਮਾ ਫ਼ਾਇਦਿਆਂ ਲਈ ਸਭ ਦਾਅਵੇ ਵਿਭਾਗ ਦੇ ਕਾਇਦਿਆਂ ਦੇ ਮੁਤਾਬਕ ਦਾਇਰ ਕੀਤੇ ਜਾਣੇ ਚਾਹੀਦੇ ਹਨ। ਸੀ.ਯੂ.ਆਈ.ਸੀ. ਦੀ ਧਾਰਾ 1257(ਏ) 'ਚ ਲਿੱਖਿਆ ਹੈ ਕਿ ਜੇਕਰ ਕੋਈ ਵਿਅਕਤੀ ਬੇਰੁਜ਼ਗਾਰੀ ਬੀਮਾ ਫ਼ਾਇਦਿਆਂ ਹਾਸਲ ਕਰਨ ਲਈ ਵਿਭਾਗ ਨੂੰ ਗਲਤ ਜਾਣਕਾਰੀ ਦਿੰਦਾ ਹੈ, ਤਾਂ ਉਹ ਵਿਅਕਤੀ ਸਜ਼ਾ ਦਾ ਹੱਕਦਾਰ ਹੋ ਸਕਦਾ ਹੈ। ਸਿਰਲੇਖ 22, ਕੈਲੀਫ਼ੋਰਨੀਆ ਕਾਇਦਿਆਂ ਦਾ ਜ਼ਾਬਤਾ, ਧਾਰਾ 1326-2 (ਬੀ)(2)(ਏ) 'ਚ ਲਿੱਖਿਆ ਹੈ ਕਿ ਜੇਕਰ ਵਿਭਾਗ 'ਚ ਉਪਲਬਧ ਜਾਣਕਾਰੀ ਇਹ ਦਰਸਾਉਂਦੀ ਹੈ ਕਿ SSN ਕਿਸੇ ਹੋਰ ਵਿਅਕਤੀ ਦਾ ਹੋ ਸਕਦਾ ਹੈ ਜਾਂ ਇਕ ਜਾਇਜ਼ ਸੰਖਿਆ ਨਹੀਂ ਹੈ ਤਾਂ ਵਿਭਾਗ ਵੱਲੋਂ ਦਾਅਵੇਦਾਰ ਲਈ SSA ਵੱਲੋਂ ਉਸਨੂੰ ਜਾਰੀ ਕੀਤੇ ਗਏ SSN ਦੀ ਤਸਦੀਕ ਕਰਨਾ ਜ਼ਰੂਰੀ ਹੋਵੇਗਾ।